ਡਾਇਰੈਕਟੋਰੇਟ
ਸਿਹਤ ਸੇਵਾਵਾ ਪਰਿਵਾਰ ਭਲਾਈ, ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ
(ਅਮਲਾ-6 ਸ਼ਾਖਾ)

## ਜਨਤਕ ਸੂਚਨਾਂ

ਨੰਬਰ:ਈ-6(1)-ਪੰਜਾਬ-2016/ 7853 ਮਿਤੀ, ਚੰਡੀਗੜ: 21-09-16

ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਚੱਲ ਰਹੇ ਡਾਇਲਿਸਿਜ਼ ਯੂਨਿਟਾਂ, ਕੀਮੋਥੈਰੇਪੀ ਯੂਨਿਟਾਂ ਅਤੇ Coronary Care & Stroke Units (CCSU) ਲਈ ਸਟਾਫ ਨਰਸਾਂ ਦੀਆਂ 167 ਅਸਾਮੀਆਂ ਦੀ ਭਰਤੀ ਰੈਗੂਲਰ ਅਧਾਰ ਤੇ ਕਰਨ ਸਬੰਧੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ ਫਰੀਦਕੋਟ ਵੱਲੋਂ ਮਿਤੀ 30-08-2016 ਨੂੰ ਲਿਖਤੀ ਪ੍ਰੀਖਿਆ ਆਯੋਜਤ ਕੀਤੀ ਗਈ ਸੀ। ਇਸ ਪ੍ਰੀਖਿਆ ਸਬੰਧੀ ਨਤੀਜਾ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ ਫਰੀਦਕੋਟ ਵੱਲੋਂ ਉਨਾਂ ਦੀ ਵੈਬਸਾਈਟ www.bfuhs.ac.in ਤੇ ਅਪਲੋਡ ਕਰ ਦਿੱਤਾ ਗਿਆ ਸੀ। ਹੁਣ ਭਰਤੀ ਦੀ ਪ੍ਰਕ੍ਰਿਆ ਨੂੰ ਮੁੰਕਮਲ ਕਰਨ ਲਈ ਪ੍ਰੀਖਿਆ ਵਿਚ ਸ਼ਾਮਿਲ ਹੋਏ ਹੇਠ ਲਿਖੇ ਵੇਰਵੇ ਅਨੁਸਾਰ ਉਮੀਦਵਾਰਾਂ ਨੂੰ ਮਿਤੀ 26-09-2016 ਨੂੰ ਕਾਊਂਸਲਿੰਗ ਵਿਚ ਹੇਠ ਲਿਖੇ ਅਨੁਸਾਰ ਬੁਲਾਉਣ ਦਾ ਫੈਸਲਾ ਲਿਆ ਗਿਆ ਹੈ:-

| ਲੜੀ ਨੰ: | ਮਿਤੀ | ਕੈਟਾਗਰੀ | ਲਿਖਤੀ ਟੈਸਟ ਵਿਚ ਪ੍ਰਾਪਤ ਕੀਤੇ ਅੰਕ |
|---|---|---|---|
| 1 | 26-09-2016 | ਐਸ.ਸੀ. (ਰ ਤੇ ਹ) | 204 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 2 | | ਐਸ.ਸੀ. (ਮ ਤੇ ਬ) | 180 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 3 | | ਪੱਛੜੀ ਸ਼੍ਰੇਣੀ | 204 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 4 | | ਅੰਗਹੀਣ | 168 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 5 | | ਸਾਬਕਾ ਫੌਜੀ (ਜਨਰਲ) | 116 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 6 | | ਸਾਬਕਾ ਫੌਜੀ (ਰ ਤੇ ਹ) | 172 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 7 | | ਸਾਬਕਾ ਫੌਜੀ (ਮ ਤੇ ਬ) | 136 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 8 | | ਸਾਬਕਾ ਫੌਜੀ (ਪੱਛੜੀ ਸ਼੍ਰੇਣੀ) | 116 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 9 | | ਖਿਡਾਰੀ (ਜਨਰਲ) | 124 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 10 | | ਖਿਡਾਰੀ ਐਸ.ਸੀ. (ਮ ਤੇ ਬ) | ਉਮੀਦਵਾਰ ਉਪਲੱਬਧ ਨਹੀਂ ਹੈ |
| 11 | | ਖਿਡਾਰੀ ਐਸ.ਸੀ. (ਰ ਤੇ ਹ) | ਉਮੀਦਵਾਰ ਉਪਲੱਬਧ ਨਹੀਂ ਹੈ . |
| 12 | | ਸੁਤੰਤਰਤਾ ਸੰਗਰਾਮੀ | 184 ਅਤੇ ਇਸ ਤੋਂ ਵੱਧ ਅੰਕਾ ਵਾਲੇ ਉਮੀਦਵਾਰ |
| 13 | | ਜਨਰਲ | 232 ਅਤੇ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ |

ਉਕਤ ਦਰਸਾਏ ਉਮੀਦਵਾਰ ਮਿਤੀ 26-09-2016 ਨੂੰ ਸਵੇਰੇ 10.00 ਵਜੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ (ਆਡੀਟੋਰੀਅਮ) ਵਿਖੇ ਸਮੇਤ ਦੋ ਪਾਸਪੋਰਟ ਸਾਈਜ ਫੋਟੋਆਂ, ਵਿਦਿਅਕ ਯੋਗਤਾ, ਜਾਤੀ ਸਰਟੀਫਿਕੇਟ, ਕੈਟਾਗਰੀ ਸਰਟੀਫਿਕੇਟ, ਅਤੇ ਰਿਹਾਇਸ਼ ਦੇ ਅਸਲ ਸਰਟੀਫਿਕੇਟ ਅਤੇ ਇਨਾਂ ਸਰਟੀਫਿਕੇਟਾਂ ਦੀਆਂ ਦੋ-ਦੋ ਫੋਟੋਕਾਪੀਆਂ ਤਸਦੀਕਸ਼ੁਦਾ ਲੈ ਕੇ ਹਾਜਰ ਹੋਣਾ ਯਕੀਨੀ ਬਣਾਉਣ। ਇਸ ਮੰਤਵ ਲਈ ਵੱਖਰੇ ਤੋਰ ਤੇ ਕੋਈ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਆਪਣੀ ਹਾਜਰੀ ਯਕੀਨੀ ਬਣਾਉਣਾ ਲਾਜਮੀ ਹੈ। ਗੈਰਹਾਜਰ ਹੋਣ ਦੀ ਸੂਰਤ ਵਿਚ ਇਸ ਸਬੰਧੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ ਅਤੇ ਉਮੀਦਵਾਰ ਦਾ ਭਰਤੀ ਸਬੰਧੀ ਕਲੇਮ ਮੰਨਿਆ ਨਹੀਂ ਜਾਵੇਗਾ। ਇਹ ਸੂਚਨਾਂ ਸਿਹਤ ਵਿਭਾਗ ਦੀ ਵੈਬਸਾਈਟਾਂ www.pbhealth.gov.in ਅਤੇ www.bfuhs.ac.in ਤੇ ਵੀ ਵੇਖੀ ਜਾ ਸਕੇਗੀ।

21/9/16

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ